# ਜੀਵਨੀ

ਜੀਵਨੀ ਵਾਰਤਕ ਦਾ ਪੁਰਾਣਾ ਰੂਪ ਹੈ। ਗੁਰੂ ਤੇ ਚੇਲੇ ਦਾ ਰਿਸ਼ਤਾ ਧਾਰਮਿਕ ਸ਼ਰਧਾ ਵਿੱਚ ਪਕੇਰਾ ਸੀ। ਸੂਝਵਾਨ ਸ਼ਿਸ਼ ਆਪਣੇ ਗੁਰੂਆਂ ਦੇ ਕਾਰਨਾਮਿਆਂ ਤੇ ਮਹਿਮਾ ਨੂੰ ਵਾਰਤਕ ਰਾਹੀਂ ਕਲਮਬੰਦ ਕਰਦੇ ਸਨ। ਪੰਜਾਬੀ ਸਾਹਿਤ ਵਿੱਚ ਜਨਮ-ਸਾਖੀ ਸਾਹਿਤ, ਪਰਚੀਆਂ, ਰੇਖਾ-ਚਿੱਤਰ, ਜੀਵਨੀਆਂ, ਸ੍ਵੈਜੀਵਨੀਆਂ, ਡਾਇਰੀ, ਸਫ਼ਰਨਾਮਾ, ਮੁਲਾਕਾਤ ਤੇ ਫ਼ੀਚਰ ਆਦਿ ਇਸ ਰੁਚੀ ਅਧੀਨ ਹੀ ਲਿਖਿਆ ਹੋਇਆ ਵਾਰਤਕ ਸਾਹਿਤ ਹੈ।

ਪਰੰਤੂ ਜੀਵਨੀ-ਕਲਾ ਦਾ ਸਾਹਿਤਿਕਤਾ ਨਾਲ਼ ਜੋ ਨਵਾਂ ਗਠਬੰਧਨ ਪੈਦਾ ਹੋਇਆ ਹੈ, ਉਹ ਅਜੋਕੇ ਜੁੱਗ ਦੀ ਹੀ ਦੇਣ ਹੈ। ਇਹੋ ਕਾਰਨ ਹੈ ਕਿ ਜੀਵਨੀ ਦੇ ਆਧੁਨਿਕ ਸਰੂਪ ਬਾਰੇ ਭਾਰਤ ਵਿੱਚ ਚਰਚਾ ਨਾਂਹ ਦੇ ਬਰਾਬਰ ਹੀ ਰਹੀ ਹੈ। ਪੱਛਮੀ ਵਿਦਵਾਨਾਂ ਨੇ ਹੀ ਜੀਵਨੀ ਦੇ ਕਲਾਤਮਿਕ ਰੂਪ ਨੂੰ ਨਿਖਾਰਨ ਤੇ ਉਭਾਰਨ ਦਾ ਜਤਨ ਕੀਤਾ ਹੈ।

## ਪਰਿਭਾਸ਼ਾ :

ਆਮ ਸੰਕਲਪ ਦੇ ਅਨੁਸਾਰ ਜੀਵਨੀ ਕਿਸੇ ਖ਼ਾਸ ਵਿਅਕਤੀ ਦਾ ਜੀਵਨ ਬਿਰਤਾਂਤ ਹੀ ਹੈ। ਪਰ ਜੀਵਨੀ ਕਿਸੇ ਮਹਾਂਪੁਰਸ਼ ਦੇ ਜੀਵਨ-ਚਰਿੱਤਰ ਦਾ ਇਸ ਪ੍ਰਕਾਰ ਵਰਨਣ ਹੁੰਦਾ ਹੈ ਜੋ ਆਮ ਲੋਕਾਂ ਲਈ ਇੱਕ ਰੋਸ਼ਨ-ਮੁਨਾਰਾ ਬਣ ਕੇ ਆਦਰਸ਼ ਨਮੂਨਾ ਸਥਾਪਿਤ ਕਰ ਸਕੇ। ਇਸ ਵਿੱਚ ਵਿਸ਼ੇਸ਼ ਵਿਅਕਤੀ ਦੇ ਅੰਦਰਲੇ ਜੀਵਨ ਤੇ ਬਾਹਰਲੇ ਜੀਵਨ ਦੋਹਾਂ ਦਾ ਲੇਖਾ-ਜੋਖਾ ਪੇਸ਼ ਕੀਤਾ ਜਾਂਦਾ ਹੈ।

ਆਮ ਤੌਰ 'ਤੇ ਜੀਵਨੀ ਵਿੱਚ ਨਾਇਕ ਦੀ ਸਾਰੀ ਜ਼ਿੰਦਗੀ ਦੇ ਕਾਰਜਾਂ ਦਾ ਵਰਨਣ ਹੁੰਦਾ ਹੈ। ਪਰ ਕਦੇ-ਕਦੇ ਕਿਸੇ ਆਦਰਸ਼ ਨਾਇਕ ਦੇ ਜਿਉਂਦੇ ਜੀਅ ਉਸ ਦੇ ਜੀਵਨ ਦੇ ਕਿਸੇ ਇੱਕ ਹਿੱਸੇ ਦੀ ਵੀ ਚਰਚਾ ਹੋ ਸਕਦੀ ਹੈ। ਅਨੇਕ ਲੋਕਾਂ ਦੀਆਂ ਜੀਵਨੀਆਂ ਉਹਨਾਂ ਦੀ ਜ਼ਿੰਦਗੀ ਦੇ ਸਮੇਂ ਵਿੱਚ ਹੀ ਲਿਖੀਆਂ ਗਈਆਂ ਸਨ, ਇਸ ਲਈ ਅਜਿਹੀਆਂ ਜੀਵਨੀਆਂ ਵਿੱਚ ਸੰਪੂਰਨ ਜੀਵਨ ਦਾ ਬਿਰਤਾਂਤ ਦੇਣਾ ਸੰਭਵ ਨਹੀਂ ਹੋ ਸਕਦਾ।

ਅੰਗਰੇਜ਼ੀ ਲਿਖਾਰੀ ਮਾਰਕ ਟਵੇਨ ਅਨੁਸਾਰ " ਜੀਵਨੀ ਮਨੁੱਖ ਦਾ ਅਜਿਹਾ ਲਿਬਾਸ (ਪੁਸ਼ਾਕ) ਹੈ ਜਿਸ ਵਿੱਚ ਝਰੋਖੇ ਹੁੰਦੇ ਹਨ ਅਤੇ ਜਿਸ ਨੂੰ ਮਨੁੱਖ ਆਪ ਖ਼ੁਦ

ਨਹੀਂ ਲਿਖ ਸਕਦਾ।" ਇਸ ਲਈ ਜੀਵਨੀ ਇੱਕ ਪਰਜੀਵੀ ਕਲਾ ਹੈ। ਪਰਜੀਵੀ ਕਲਾ ਉਹ ਇਸ ਲਈ ਕਹਿੰਦਾ ਹੈ ਕਿਉਂਕਿ ਜੀਵਨੀ ਦੀ ਸਿਰਜਨਾ ਹਿੱਤ ਤੱਥਾਂ ਦੀ ਭਾਲ ਲਈ ਦੂਜੈਲੇ ਸ੍ਰੋਤਾ 'ਤੇ ਨਿਰਭਰ ਕਰਨਾ ਪੈਂਦਾ ਹੈ।

ਜੀਵਨੀ ਕਿਸੇ ਵਿਅਕਤੀ-ਵਿਸ਼ੇਸ਼ ਦੀਆਂ ਜੀਵਨ-ਘਟਨਾਵਾਂ ਦਾ ਬਿਓਰਾ ਹੈ। ਜੀਵਨੀ ਵਿੱਚ ਕਿਸੇ ਦੇ ਜੀਵਨ ਦੀ ਇਸ ਤਰ੍ਹਾਂ ਪੁਨਰ-ਸਿਰਜਣਾ ਕੀਤੀ ਜਾਂਦੀ ਹੈ ਇਸ ਤਰ੍ਹਾਂ ਕਿ ਉਹ ਜੀਵਿਆ ਗਿਆ ਸੀ।

ਜੀਵਨੀ ਕਿਸੇ ਮਹਾਂਪੁਰਸ਼ ਦੇ ਅੰਦਰਲੇ ਤੇ ਬਾਹਰਲੇ ਸਰੂਪ ਦਾ ਕਲਾਤਮਿਕ ਨਿਰੂਪਣ ਹੈ। ਜੀਵਨੀਕਾਰ ਆਪਣੇ ਚਰਿੱਤਰ-ਨਾਇਕ ਦੇ ਆਪੇ ਦੀ ਕੁੰਜੀ ਸਮਝ ਕੇ ਉਸ ਦੇ ਚਾਨਣੇ ਵਿੱਚ ਸਾਰੀਆਂ ਘਟਨਾਵਾਂ ਦਾ ਚਿਤਰਨ ਕਰਦਾ ਹੈ।

ਜੀਵਨੀ ਘਟਨਾਵਾਂ ਦਾ ਸਥੂਲ ਵੇਰਵਾ ਨਹੀਂ ਹੈ, ਬਲਕਿ ਸਫ਼ਲ ਜੀਵਨੀ ਵਿੱਚ ਨਾਇਕ ਦੇ ਜੀਵਨ ਵਿੱਚ ਲੁਕੇ-ਛਿਪੇ ਉਸ ਦੇ ਵਿਕਾਸ ਨੂੰ ਉਸ ਦੀ ਸ਼ਖ਼ਸੀਅਤ ਦੇ ਗੁੱਝੇ ਭੇਤ ਨੂੰ ਅਤੇ ਉਸ ਦੀ ਪ੍ਰਮੁੱਖ ਜੀਵਨ-ਧਾਰਾ ਨੂੰ ਖੁੱਲ੍ਹ ਕੇ ਪਾਠਕਾਂ ਦੇ ਸਾਹਮਣੇ ਸਾਕਾਰ ਕੀਤਾ ਜਾਂਦਾ ਹੈ। ਇਹ ਜੀਵਨੀ-ਕਲਾ ਹੈ।

## ਜੀਵਨੀ ਤੇ ਸ੍ਵੈਜੀਵਨੀ

ਜੀਵਨੀ, ਸ੍ਵੈਜੀਵਨੀ ਦੇ ਬਹੁਤ ਨੇੜੇ ਹੈ। ਅਸਲ ਵਿੱਚ ਜੀਵਨੀ ਤੇ ਸ੍ਵੈਜੀਵਨੀ ਦੋਵੇਂ ਵਾਰਤਕ ਸਾਹਿਤ ਦੇ ਜੁੜਵੇਂ ਰੂਪ ਹਨ। ਇਹਨਾਂ ਵਿੱਚ ਜਿੱਥੇ ਅੰਤਰ-ਸੰਬੰਧ ਹੈ, ਉੱਥੇ ਅੰਤਰ-ਵਿਰੋਧ ਵੀ ਹੈ। ਦੋਹਾਂ ਦੀਆਂ ਹੱਦਾਂ ਕੁਝ ਹੱਦ ਤੱਕ ਸਾਂਝੀਆਂ ਹੁੰਦੀਆਂ ਹਨ ਪਰ ਮੰਤਵ ਤੇ ਰੂਪ ਦੇ ਪੱਖੋਂ ਇਹ ਦੋਵੇਂ ਇੱਕ ਦੂਜੀ ਤੋਂ ਵੱਖ ਹਨ।

ਡਾ. ਧਰਮ ਚੰਦ 'ਵਾਤਿਸ਼' ਆਪਣੀ ਪੁਸਤਕ 'ਸ੍ਵੈਜੀਵਨੀ ਸ਼ਾਸਤਰ' ਵਿੱਚ ਸ੍ਵੈਜੀਵਨੀ ਅਤੇ ਜੀਵਨੀ ਵਿੱਚ ਫ਼ਰਕ ਸੰਬੰਧੀ ਲਿਖਦਾ ਹੈ ਕਿ ਸ੍ਵੈਜੀਵਨੀ ਤੇ ਜੀਵਨੀ ਦੀ ਭਾਵਨਾ ਅਤੇ ਉਦੇਸ਼ ਵਿੱਚ ਵੀ ਢੇਰ ਅੰਤਰ ਹੈ। ਆਪਣੇ ਬਾਰੇ ਆਪ ਅਤੇ ਕਿਸੇ ਦੂਜੇ ਬਾਰੇ ਲਿਖਣ ਦੇ ਢੰਗ ਵਿੱਚ ਵੀ ਚੋਖਾ ਅੰਤਰ ਹੈ। ਸ੍ਵੈਜੀਵਨੀਕਾਰ ਦੀ ਯਾਤਰਾ ਅੰਦਰੋਂ ਬਾਹਰ ਵੱਲ ਅਤੇ ਜੀਵਨੀਕਾਰ ਦੀ ਬਾਹਰੋਂ ਅੰਦਰ ਵੱਲ ਹੁੰਦੀ ਹੈ। ਸ੍ਵੈਜੀਵਨੀਕਾਰ ਦੀ ਸਫ਼ਲਤਾ 'ਸ੍ਵੈ-ਕੇਂਦਰਿਤ' ਰਹਿਣ ਵਿੱਚ ਹੈ ਜਦੋਂਕਿ ਜੀਵਨੀਕਾਰ ਪਰਸੁਆਰਥੀ ਹੁੰਦਾ ਹੈ। ਉਸ ਦੀ ਕਾਮਯਾਬੀ ਆਪਾ ਛਪਾਉਣ ਵਿੱਚ ਹੁੰਦੀ ਹੈ। ਪਰੰਤੂ ਦੋਹਾਂ ਦਾ ਟੀਚਾ ਜੀਵਨੀ ਦੇ ਨਿਰੋਲ ਸੱਚ ਨੂੰ ਪ੍ਰਗਟਾਉਣਾ ਹੁੰਦਾ ਹੈ। ਜੀਵਨੀ ਹੋਵੇ ਜਾਂ ਸ੍ਵੈਜੀਵਨੀ ਹੋਵੇ ਉਹ ਸੱਚ ਦੀ ਅਣਹੋਂਦ ਵਿੱਚ ਉੱਤਮ ਕਲਾ ਬਣਨ ਵਿੱਚ ਅਸਫ਼ਲ ਰਹਿੰਦੀ ਹੈ। ਦੋਹਾਂ ਦਾ ਮੰਤਵ ਕਿਸੇ ਮਹਾਨ ਹਸਤੀ ਦੇ ਜੀਵਨ ਦੀ ਬਹੁਪੱਖੀ ਤਸਵੀਰ ਉਜਾਗਰ ਕਰਨਾ ਹੈ। ਸ੍ਵੈਜੀਵਨੀ ਦਾ ਉਦੋਂ ਜਨਮ ਹੁੰਦਾ ਹੈ ਜਦੋਂ ਲੇਖਕ ਆਪਣੀ ਹੀ ਜ਼ਿੰਦਗੀ ਦਾ ਸਫ਼ਰ ਆਪਣੀ ਹੀ ਕਲਮ ਨਾਲ਼ ਅੰਕਿਤ ਕਰਦਾ ਹੈ ਪਰ ਜੀਵਨੀ ਉਦੋਂ

ਹੋਂਦ ਵਿੱਚ ਆਉਂਦੀ ਹੈ ਜਦੋਂ ਲੇਖਕ ਆਪਣੇ ਤੋਂ ਭਿੰਨ ਕਿਸੇ ਦੂਜੇ ਵਿਅਕਤੀ ਦੀ ਜੀਵਨ- ਧਾਰਾ ਨੂੰ ਕਲਮਬੰਦ ਕਰਦਾ ਹੈ।

**ਜੀਵਨੀ ਦੇ ਤੱਤ :-**

ਜੀਵਨੀ ਵਾਰਤਕ-ਸਾਹਿਤ ਦਾ ਇੱਕ ਕਲਾਤਮਿਕ ਰੂਪ ਹੈ। ਜੀਵਨੀ ਦੀ ਰਚਨਾ ਵਿੱਚ ਕਈ ਤੱਤ ਕਰਮਸ਼ੀਲ ਹੁੰਦੇ ਹਨ ਜਿਨਾਂ ਦੇ ਸੁਮੇਲ ਤੋਂ ਹੀ ਸਫ਼ਲ ਜੀਵਨੀ ਦੀ ਸਿਰਜਣਾ ਹੁੰਦੀ ਹੈ। ਇਹਨਾਂ ਵਿੱਚ ਚਰਿੱਤਰ-ਨਾਇਕ ਤੇ ਉਸ ਦੀ ਸ਼ਖ਼ਸੀਅਤ, ਘਟਨਾਵਾਂ ਤੇ ਤੱਥ ਤੇ ਸੱਚ ਦਾ ਅੰਤਰ-ਨਿਖੇੜ, ਜੀਵਨੀਕਾਰ ਦਾ ਯੋਗਦਾਨ, ਉਸਾਰੂ ਕਲਪਨਾ, ਰਚਨਾਤਮਿਕ ਬਣਤਰ, ਸਾਹਿਤਿਕ ਬੋਲੀ ਤੇ ਸ਼ੈਲੀ ਆਦਿ ਤੱਤ ਖ਼ਾਸ ਕਰਕੇ ਸਰਗਰਮ ਰਹਿੰਦੇ ਹਨ, ਜਿਨ੍ਹਾਂ ਦੀ ਉਚਿਤ ਯੋਜਨਾ ਨਾਲ ਜੀਵਨ-ਕਲਾ ਦਾ ਸੰਗਠਨ ਹੋਂਦ-ਸ਼ੀਲ ਹੁੰਦਾ ਹੈ। ਹੁਣ ਇਹਨਾਂ ਤੱਤਾਂ ਦਾ ਲੜੀਵਾਰ ਵਰਨਣ ਕੀਤਾ ਜਾਂਦਾ ਹੈ :-

**ਜੀਵਨੀ ਦਾ ਨਾਇਕ :-**

ਜੀਵਨੀ, ਜੀਵਨ ਅਤੇ ਸੰਸਾਰ ਦੇ ਕਿਸੇ ਖੇਤਰ ਵਿੱਚ ਵਿਸ਼ੇਸ਼ ਸਫ਼ਲਤਾ ਹਾਸਿਲ ਕਰਨ ਵਾਲ਼ੇ ਵਿਅਕਤੀ ਦੀ ਹੀ ਹੋ ਸਕਦੀ ਹੈ। ਜੀਵਨੀ ਦੇ ਨਾਇਕ, ਧਾਰਮਿਕ ਆਗੂ, ਪੀਰ-ਪੈਗੰਬਰ, ਗੁਰੂ, ਸੰਤ, ਮਹਾਤਮਾ ਤੇ ਮਹਾਨ ਸ਼ਖ਼ਸ ਹੁੰਦੇ ਹਨ। ਪੁਰਾਤਨ ਜੀਵਨੀਆਂ ਸ਼ਖ਼ਸੀ ਪੂਜਾ ਜਾਂ ਸ਼ਰਧਾ, ਮਿਥਿਹਾਸਿਕ ਕਥਾਵਾਂ ਦੇ ਆਧਾਰ 'ਤੇ ਹੀ ਹੁੰਦੀਆਂ ਸਨ ਪਰ ਆਧੁਨਿਕ ਜੀਵਨ ਵਿੱਚ ਮਹਾਂ-ਪੁਰਖਾਂ ਦੀਆਂ ਜੀਵਨ-ਘਟਨਾਵਾਂ ਦੇ ਨਵੇਂ ਅਰਥ ਲੱਭਣ ਦੇ ਜਤਨ ਕੀਤੇ ਗਏ ਹਨ। ਸ਼ਤਾਬਦੀ ਦਿਵਸ 'ਤੇ ਮਹਾਂ-ਪੁਰਖਾਂ ਦੀਆਂ ਜੀਵਨੀਆਂ ਦਾ ਲਿਖਿਆ ਜਾਣਾ ਸੁਭਾਵਿਕ ਹੈ।

ਦੂਜਾ ਵੱਡਾ ਖੇਤਰ ਰਾਜਸੀ ਆਗੂਆਂ, ਅਜ਼ਾਦੀ ਦੇ ਸੰਗ੍ਰਾਮੀਆਂ ਦਾ ਤੇ ਭਾਰਤ ਦੇ ਵੀਰ-ਸਪੂਤਾਂ ਦਾ ਹੈ। ਇਹ ਜੀਵਨੀਆਂ ਦੇਸ-ਪਿਆਰ ਦੇ ਜਜ਼ਬੇ ਨੂੰ ਉਭਾਰਨ ਤੇ ਨੌਜੁਆਨਾਂ ਨੂੰ ਕੌਮ ਦੀ ਖ਼ਾਤਰ ਘਾਲਾਂ ਘਾਲਣ ਦੀ ਪ੍ਰੇਰਨਾ ਦੇਣ ਦਾ ਨਿਸ਼ਾਨਾ ਅੱਖਾਂ ਸਾਹਮਣੇ ਰੱਖ ਕੇ ਲਿਖੀਆਂ ਜਾਂਦੀਆਂ ਹਨ।

ਤੀਜਾ ਖੇਤਰ ਸਾਹਿਤਕਾਰਾਂ ਜਾਂ ਲੇਖਕਾਂ ਦੀਆਂ ਜੀਵਨੀਆਂ ਦਾ ਹੈ। ਇਹਨਾਂ ਦਾ ਨਿਸ਼ਾਨਾ ਜੀਵਨੀ ਦੇ ਨਾਇਕ ਦੇ ਪਿਛੋਕੜ, ਉਸ ਦੀ ਮਾਨਸਿਕ ਦਸ਼ਾ, ਜੀਵਨ ਦਰਸ਼ਨ ਦੇ ਸੋਮਿਆਂ ਤੇ ਪ੍ਰਤਿਬੱਧਤਾ ਦੇ ਸਿਧਾਂਤ ਨੂੰ ਲੋਕਾਂ ਸਾਹਮਣੇ ਆਦਰਸ਼ ਦੇ ਤੌਰ 'ਤੇ ਪੇਸ਼ ਕਰਨਾ ਹੈ। ਜੀਵਨ ਦਾ ਸਭ ਤੋਂ ਵੱਡਾ ਪ੍ਰਮੁੱਖ ਵਿ ਮਨੁੱਖੀ ਚਰਿੱਤਰ ਹੈ। ਮਨੁੱਖੀ ਚਰਿੱਤਰ ਕਿਸੇ ਆਦਰਸ਼ ਵਿਅਕਤੀ ਦੇ ਜੀਵਨੀ ਚਰਿੱਤਰ ਦੇ ਸਹਾਰੇ ਹੀ ਵਿਅਕਤ ਕੀਤਾ ਜਾਂਦਾ ਹੈ। ਇਸ ਲਈ ਜੀਵਨੀ ਦੀ

ਦਾ ਆਸਰਾ ਕੋਈ ਸੁਪ੍ਰਸਿੱਧ ਨਾਇਕ ਹੀ ਹੁੰਦਾ ਹੈ। ਇਸ ਲਈ ਨਾਇਕ ਜੀਵਨੀ-ਕਲਾ ਦਾ ਕੇਂਦਰੀ ਧੁਰਾ ਹੈ।

ਪੰਜਾਬੀ ਸਾਹਿਤ ਵਿੱਚ ਆਮ ਆਦਮੀ ਦੀ ਜੀਵਨੀ ਲਿਖੇ ਜਾਣ ਦਾ ਰੁਝਾਨ ਬਿਲਕੁਲ ਨਹੀਂ ਹੈ। ਪਰੰਤੂ ਪੱਛਮੀ ਸਾਹਿਤ ਵਿਚ "ਆਮ ਆਦਮੀ ਦੀ ਜੀਵਨੀ" (Biography of a Layman) ਦਾ ਵੀ ਮਹੱਤਵ ਹੈ ਕਿਉਂਕਿ ਇੱਕ ਆਮ ਆਦਮੀ ਦੀ ਜ਼ਿੰਦਗੀ ਦੇ ਸੰਘਰਸ਼ ਦੀ ਦਾਸਤਾਂ ਵਿੱਚ ਵੀ ਪਾਠਕਾਂ ਲਈ ਦਿਲਚਸਪੀ ਹੋ ਸਕਦੀ ਹੈ।

**ਜੀਵਨੀ-ਨਾਇਕ ਸੰਬੰਧੀ ਸ੍ਰੋਤਾਂ ਦੀ ਭਾਲ਼ :-**

ਜੀਵਨੀ ਵਿੱਚ ਨਾਇਕ ਪ੍ਰਤੀ ਸ਼ਰਧਾ, ਆਦਰ ਦੇ ਉਸ ਦੀ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ ਨੂੰ ਵਿਗਿਆਨਿਕ ਦ੍ਰਿਸ਼ਟੀ ਤੋਂ ਪਰਖਣਾ ਹੁੰਦਾ ਹੈ। ਆਪਣੇ ਬਿਆਨ ਨੂੰ ਸੱਚ ਦੇ ਕੋਲ਼ ਦਾ ਬਣਾਉਣ ਲਈ, ਜੀਵਨੀਕਾਰ ਆਪਣੇ ਨਾਇਕ ਨੂੰ ਸਮਝਣ ਲਈ ਕਈਆਂ ਸ੍ਰੋਤਾਂ ਤੇ ਸੋਮਿਆਂ ਦੀ ਭਾਲ਼ ਕਰਦਾ ਹੈ। ਉਹ ਆਪਣੇ ਨਾਇਕ ਦੀਆਂ ਚਿੱਠੀਆਂ, ਸਰਕਾਰੀ ਗਜ਼ਟਾਂ, ਖ਼ਾਨਦਾਨੀ ਪੱਤਰਾਂ, ਦੋਸਤਾਂ-ਮਿੱਤਰਾਂ ਤੇ ਸਮਕਾਲੀ ਭਰੋਸੇਯੋਗ ਵਸੀਲਿਆਂ ਦਾ ਸਹਾਰਾ ਲੈਂਦਾ ਹੈ। ਜੀਵਨੀ ਸ਼ਖ਼ਸੀਅਤ, ਇਤਿਹਾਸਿਕਤਾ ਤੇ ਕਲਪਨਾ 'ਤੇ ਆਧਾਰਿਤ ਹੁੰਦੀ ਹੈ। ਇਹਨਾਂ ਤੱਤਾਂ ਦੇ ਸੁਮੇਲ ਤੋਂ ਹੀ ਕੋਈ ਸਫ਼ਲ ਜੀਵਨੀ ਹੋਂਦ ਵਿੱਚ ਆਉਂਦੀ ਹੈ। ਅੱਜ ਦੀ ਜੀਵਨੀ ਦਾ ਸਰੂਪ ਸ਼ਰਧਾ ਤੇ ਆਧਾਰਿਤ ਨਹੀਂ ਸਗੋਂ ਜੀਵਨੀਕਾਰ ਵਿਗਿਆਨਿਕ ਦ੍ਰਿਸ਼ਟੀ ਤੋਂ ਚੰਗਿਆਈਆਂ ਤੇ ਬੁਰਾਈਆਂ ਦੋਹਾਂ ਦਾ ਲੇਖਾ-ਜੋਖਾ ਕਰਦਾ ਹੈ। ਜੀਵਨੀ-ਕਲਾ ਇਸ ਗੱਲ ਦੀ ਮੰਗ ਕਰਦੀ ਹੈ ਕਿ ਜੀਵਨੀਕਾਰ ਮਿਤੀਆਂ, ਘਟਨਾਵਾਂ, ਲਹਿਰਾਂ, ਇਤਿਹਾਸਿਕ ਪ੍ਰਤਿਕਰਮਾਂ ਆਦਿ ਦੇ ਸੰਬੰਧ ਵਿੱਚ ਤਰਕਸ਼ੀਲ ਹੋ ਕੇ ਲਿਖੇ।

ਜੀਵਨੀ ਲਿਖਣ ਲਈ ਲੇਖਕ ਦਾ ਨਿੱਜਤਵ ਜੁੜਿਆ ਹੋਣਾ ਜ਼ਰੂਰੀ ਨਹੀਂ। ਜੀਵਨੀ ਲੇਖਕ, ਲੇਖਾਂ, ਗ੍ਰੰਥਾਂ ਆਦਿ ਵਿੱਚ ਆਏ ਹਵਾਲਿਆਂ ਤੇ ਉਲੇਖਾਂ, ਤੱਥਾਂ, ਚਰਿੱਤਰ-ਨਾਇਕ ਨਾਲ਼ ਸੰਬੰਧਿਤ ਲੋਕਾਂ ਤੇ ਹੋਰ ਮਿਲ਼ਦੀ ਸਮਗਰੀ ਦੇ ਸਹਾਰੇ ਨਾਲ਼ ਨਾਇਕ ਦੀ ਸ਼ਖ਼ਸੀਅਤ ਬਾਰੇ ਲਿਖ ਸਕਦਾ ਹੈ।

**ਨਾਇਕ ਦੀ ਸ਼ਖ਼ਸੀਅਤ**

ਜੀਵਨੀ ਘਟਨਾਵਾਂ ਦਾ ਸੰਗ੍ਰਹਿ ਮਾਤਰ ਨਹੀਂ ਹੁੰਦਾ ਬਲਕਿ ਉਸ ਵਿੱਚ ਜੀਵਨੀ ਦੇ ਨਾਇਕ ਦੀ ਸ਼ਖ਼ਸੀਅਤ ਦਾ ਸਰਬਪੱਖੀ ਅਧਿਐਨ ਹੁੰਦਾ ਹੈ। ਨਾਇਕ ਦਾ ਸੁਭਾਅ ਉਸ ਦੀਆਂ ਖ਼ਾਹਿਸ਼ਾਂ, ਭਾਵਨਾਵਾਂ ਤੇ ਰੁਚੀਆਂ, ਉਸ ਦਾ ਚਰਿੱਤਰ ਅਤੇ ਹੋਰ ਸਮੱਸਿਆਵਾਂ ਤੇ ਸੰਘਰਸ਼ ਆਦਿ ਸਭ ਕੁਝ ਜੀਵਨੀ ਕਲਾ ਵਿੱਚ ਸਮੋਇਆ

ਹੁੰਦਾ ਹੈ। ਜੀਵਨੀ-ਰਚਨਾ ਵਿੱਚ ਨਾਇਕ ਦਾ ਆਪਾ ਤੇ ਵਿਅਕਤਿਤਵ ਪੂਰੀ ਤਰ੍ਹਾਂ ਉੱਭਰ ਆਉਂਦਾ ਹੈ। ਪਰ ਨਾਇਕ ਦੇ ਵਿਅਕਤਿਤਵ ਦਾ ਚਿਤਰਨ ਹਮੇਸ਼ਾਂ ਸੰਤੁਲਿਤ ਰਹਿੰਦਾ ਹੈ। ਜੀਵਨੀਕਾਰ ਨੂੰ ਇਹ ਧਿਆਨ ਰੱਖਣਾ ਪੈਂਦਾ ਹੈ ਕਿ ਚੰਦਰਮਾ ਵਿੱਚ ਕਲੰਕ ਦੀ ਕਾਲਖ ਜ਼ਰੂਰ ਹੈ ਪਰ ਉਹ ਮਧਾਰਨ ਹੈ। ਚੰਨ ਦੀ ਚਾਨਣੀ ਵਿਚ ਕਾਲੇ ਕਲੰਕ ਦੀ ਹੋਂਦ ਸੰਤੁਲਨ ਨਿਸ਼ਾਨੀ ਹੈ। ਨਾਇਕ ਦਾ ਚਿਤਰਨ ਸਾਰੀਆਂ ਚੰਗਿਆਈਆਂ ਤੇ ਬੁਰਾਈਆਂ ਸਮੇਤ ਪੂਰਾ ਹੁੰਦਾ ਹੈ। ਹਮਦਰਦੀ ਅੰਨ੍ਹੀ-ਸ਼ਰਧਾ ਤੋਂ ਵੱਖਰੀ ਸ਼ੈਅ ਹੈ। ਅੰਨ੍ਹੀ-ਸ਼ਰਧਾ ਦੋਸ਼ਾਂ ਨੂੰ ਵੀ ਗੁਣ ਸਮਝਦੀ ਹੈ। ਹਮਦਰਦੀ, ਦੋਸ਼ਾਂ ਨੂੰ ਦੋਸ਼ ਹੀ ਸਮਝਦੀ ਹੈ। ਉਸ ਦਾ ਮਜ਼ਾਕ ਨਹੀਂ ਉਡਾਇਆ ਜਾਂਦਾ। ਮਹਾਂਪੁਰਸ਼ ਦੀ ਕੋਈ ਇੱਕ-ਅੱਧੀ ਬੁਰਾਈ ਉਸ ਦੇ ਮਹਾਨ ਗੁਣਾਂ ਵਿੱਚ ਇਸ ਤਰ੍ਹਾਂ ਛਿਪ ਜਾਂਦੀ ਹੈ ਜਿਵੇਂ ਚੰਨ ਦੀਆਂ ਕਿਰਨਾਂ ਵਿੱਚ ਉਸ ਦਾ ਕਲੰਕ। ਮਨੁੱਖ ਦੀਆਂ ਕਮਜ਼ੋਰੀਆਂ ਉਸ ਦੀ ਸੰਤੁਲਿਤ ਸ਼ਖਸੀਅਤ ਦੇ ਚਿੰਨ ਹਨ ਜਿੰਨਾਂ ਦੇ ਕਾਰਨ ਨਾਇਕ ਦੇ ਚਰਿੱਤਰ ਵਿੱਚ ਯਥਾਰਥਿਕਤਾ ਝਲਕਦੀ ਹੈ।

**ਸੱਚ ਦੀ ਭਾਲ਼**

ਜੀਵਨੀ ਲੇਖਕ ਦੇ ਸਾਹਮਣੇ ਸਾਰਾ ਸੰਸਾਰ ਵਿਛਿਆ ਹੁੰਦਾ ਹੈ ਜਿਸ ਵਿੱਚ ਉਸ ਦਾ ਆਦਰਸ਼ ਨਾਇਕ ਉਮਰ ਭਰ ਵਿਚਰਿਆ ਹੁੰਦਾ ਹੈ। ਪਰ ਇਸ ਸੰਸਾਰ ਵਿੱਚ ਹਜ਼ਾਰਾਂ ਉਘੜ-ਦੁਘੜੀਆਂ ਤੇ ਬੇਨੇਮੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਅਣਗਿਣਤ ਤੱਥਾਂ ਦੇ ਅਡੰਬਰ ਢੇਰੀ ਹੁੰਦੇ ਹਨ। ਜੀਵਨੀਕਾਰ ਇਹਨਾਂ ਫ਼ਜ਼ੂਲ ਅਡੰਬਰੀ ਜੱਗ-ਬੀਤੀਆਂ ਵਿੱਚੋਂ ਅਜਿਹੇ ਸਾਰੇ-ਤੱਤਾਂ ਦੀ ਭਾਲ਼ ਕਰਦਾ ਹੈ ਜੋ ਉਸ ਦੀ ਕਲਪਨਾ ਅਤੇ ਜੀਵਨ-ਦ੍ਰਿਸ਼ਟੀ ਦੇ ਨੇੜੇ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਉਹ ਆਪਣੇ ਨਾਇਕ ਦੀ ਆਦਰਸ਼ ਜ਼ਿੰਦਗੀ ਦੇ ਸਹਾਰੇ ਲੋਕਾਂ ਸਾਹਮਣੇ ਰੱਖਣਾ ਲੋਚਦਾ ਹੈ। ਜੋ ਕੁਝ ਪ੍ਰਤੱਖ ਹੈ ਉਹ ਜੀਵਨੀ ਨਹੀਂ ਹੈ। ਬਲਕਿ ਜੋ ਪ੍ਰਤੱਖ ਦੇ ਪਿੱਛੇ ਲੁਕਵੇਂ ਤੌਰ 'ਤੇ ਗਤੀਸ਼ੀਲ ਹੋ ਰਿਹਾ ਹੈ, ਉਹੋ ਹੀ ਜੀਵਨੀਕਾਰ ਦੀ ਅਸਲੀ ਭਾਲ਼ ਹੈ।

ਇਸ ਲਈ ਜੀਵਨੀ ਲੇਖਕ ਦੇ ਸਾਹਮਣੇ ਸਮੱਸਿਆ ਨਾਇਕ ਦਾ ਜੀਵਨ ਬਿਓਰਾ ਨਹੀਂ ਹੈ ਸਗੋਂ ਸਮੱਸਿਆ ਤਾਂ ਤੱਥਾਂ ਵਿੱਚੋਂ ਸੱਚ ਦੀ ਭਾਲ ਹੈ। ਇਹੋ ਸੱਚ ਹੀ ਆਮ ਵਿਅਕਤੀ ਨਾਲ਼ੋਂ ਮਹਾਨ ਵਿਅਕਤੀ ਨੂੰ ਨਿਖੇੜਦਾ ਹੈ ਅਤੇ ਇਸ ਸੱਚ ਦੇ ਆਸਰੇ ਨਾਲ਼ ਮਨੁੱਖੀ ਚਰਿਤਰ ਨੂੰ ਲੱਭਿਆ ਜਾਂਦਾ ਹੈ।

ਚੰਗੀ ਜੀਵਨੀ ਵਿੱਚ ਲੇਖਕ ਹਮੇਸ਼ਾ ਸੱਚ ਦੇ ਨੇੜੇ ਰਹਿੰਦਾ ਹੈ ਪਰ ਸੱਚ ਤੱਥਾਂ ਅਤੇ ਇਤਿਹਾਸਿਕ ਘਟਨਾਵਾਂ 'ਤੇ ਆਧਾਰਿਤ ਰਹਿੰਦਾ ਹੈ ਪਰ ਇਹਨਾਂ ਨੂੰ ਛੰਡ-ਸਾਫ਼ ਕਰਕੇ ਲੇਖਕ ਆਪਣੀ ਸੂਝ ਅਨੁਸਾਰ ਅਜਿਹੇ ਸੱਚ ਦੀ ਢੂੰਡ ਕਰਦਾ ਹੈ ਜੋ ਮਾਨਵੀ ਵਰਤਾਰੇ ਲਈ ਸੱਚਾ ਆਦਰਸ਼ ਬਣ ਨਿਬੜਦਾ ਹੈ। ਜੀਵਨੀ ਦਾ ਇਹ ਪਸਾਰ ਆਲੋਚਨਾ ਦੀ ਹੱਦ ਨੂੰ ਜਾ ਛੂਹਦਾ ਹੈ। ਜੀਵਨੀ ਜੀਵਨ ਦੀ ਆਲੋਚਨਾ ਹੀ

ਤਾਂ ਹੈ ਜਿਸ ਵਿੱਚ ਨਾਇਕ ਦੀਆਂ ਜੀਵਨ-ਘਟਨਾਵਾਂ ਤੋਂ ਜੀਵਨ ਦਾ ਸੱਚ ਵੱਖਰਾ ਕਰਨਾ ਪੈਂਦਾ ਹੈ। ਉਹੋ ਸੱਚ ਸਰਬ-ਵਿਆਪੀ ਸੱਚ ਹੁੰਦਾ ਹੈ। ਇਤਿਹਾਸ ਤੇ ਜੀਵਨੀ ਵਿੱਚ ਇਹੋ ਫ਼ਰਕ ਹੈ। ਜਿੱਥੇ ਇਤਿਹਾਸਕਾਰ ਕਿਸੇ ਨਾਇਕ ਦੇ ਜੀਵਨ ਨੂੰ ਤੱਥਾਂ ਦੇ ਆਧਾਰ 'ਤੇ ਚਿਤਰਦਾ ਹੈ ਉੱਥੇ ਜੀਵਨੀਕਾਰ ਉਹਨਾਂ ਤੱਥਾਂ ਤੋਂ ਉੱਘੜਦੀ ਸਚਾਈ ਨੂੰ ਆਧਾਰ ਬਣਾਉਂਦਾ ਹੈ।

ਕਿਸੇ ਵਿਦਵਾਨ ਨੇ ਲਿਖਿਆ ਹੈ ਕਿ ਓਪਰੇ ਤੌਰ 'ਤੇ ਦਿਖਾਈ ਦੇਣ ਵਾਲ਼ੇ ਰੂਪ ਨੂੰ ਦਿਖਾ ਕੇ ਹੀ ਜੀਵਨੀ-ਲੇਖਕ ਬੱਸ ਨਹੀਂ ਕਰਦਾ, ਉਹ ਉਸ ਓਪਰੇ ਉਛਾੜ ਨੂੰ ਲਾਹ ਕੇ ਉਸ ਦੇ ਹੇਠ ਛਿਪੇ ਅੰਤਰ-ਆਤਮਾ ਦੇ ਸੱਚ-ਸਰੂਪ ਨੂੰ ਪ੍ਰਕਾਸ਼ਮਾਨ ਕਰਦਾ ਹੈ। ਅੰਤਰ-ਸੱਚ ਜਿੰਨਾ ਪ੍ਰਕਾਸ਼ਮਾਨ ਹੋਵੇਗਾ, ਜੀਵਨੀ ਕਲਾ ਓਨੀ ਪ੍ਰਭਾਵਸ਼ਾਲੀ ਤੇ ਲੋਕ-ਪਿਆਰੀ ਹੋਵੇਗੀ। ਜੀਵਨੀਕਾਰ ਦਾ ਅਸਲ ਨਿਸ਼ਾਨਾ ਜੀਵਨ ਦੇ ਸੱਚ ਦੀ ਭਾਲ਼ ਹੈ।

## ਜੀਵਨੀ ਲੇਖਕ ਦਾ ਯੋਗਦਾਨ ਤੇ ਉਸਾਰੂ ਕਲਪਨਾ

ਜੀਵਨੀ ਦੀ ਰਚਨਾ ਵਿੱਚ ਜੀਵਨੀਕਾਰ ਦਾ ਕੀ ਯੋਗਦਾਨ ਹੁੰਦਾ ਹੈ? ਇਹ ਪ੍ਰਸ਼ਨ ਵੀ ਵਿਚਾਰਨਯੋਗ ਬਣਦਾ ਹੈ।

ਭਾਵੇਂ ਜੀਵਨੀ ਦੇ ਲਿਖਣ ਤੇ ਰਚਨਾ ਕਰਨ ਵਿੱਚ ਲੇਖਕ ਪੂਰੀ ਤਰ੍ਹਾਂ ਹਾਜ਼ਰ ਰਹਿੰਦਾ ਹੈ ਪਰ ਜੀਵਨੀ ਦੇ ਪਾਠ ਵਿੱਚ ਉਹ ਅਕਸਰ ਗ਼ੈਰ-ਹਾਜ਼ਰ ਰਹਿੰਦਾ ਹੈ। ਉਹ ਇੱਕ ਵਿੱਥ 'ਤੇ ਖੜ੍ਹਾ ਹੋਇਆ ਨਾਇਕ ਦਾ ਵਰਨਣ ਕਰੀ ਜਾਂਦਾ ਹੈ। ਪਰੰਤੂ ਉਹ ਆਪਣੀ ਗ਼ੈਰ-ਹਾਜ਼ਰੀ ਵਿੱਚ ਹੀ ਹਾਜ਼ਰ ਹੋਣ ਤੇ ਵਧੇਰੇ ਅਨੁਸ਼ਾਸਨ ਕਾਇਮ ਰੱਖਦਾ ਹੈ। ਇਸ ਲਈ ਜੀਵਨੀ-ਲੇਖਕ ਦੇ ਕਈ ਕਰਤੱਵ ਹਨ।

ਜੀਵਨੀਕਾਰ ਦਾ ਪਹਿਲਾ ਕਰਤੱਵ ਇਤਿਹਾਸ, ਕਲਪਨਾ ਤੇ ਸਾਹਿਤਿਕ ਸ਼ੈਲੀ ਇਹਨਾਂ ਤਿੰਨਾਂ ਵਿੱਚ ਇੱਕ ਸੁਮੇਲ ਸਥਾਪਿਤ ਕਰਨਾ ਹੁੰਦਾ ਹੈ ਕਿਉਂਕਿ ਜੀਵਨੀ ਦੀ ਸਿਰਜਣਾ ਲਈ 'ਇਤਿਹਾਸ' ਘਟਨਾਵਾਂ ਪ੍ਰਦਾਨ ਕਰਦਾ ਹੈ। ਕਲਪਨਾ ਘਟਨਾਵਾਂ ਨੂੰ ਵਿਸ਼ਵਾਸਯੋਗ ਬਣਾ ਕੇ ਤਤਕਾਲੀ ਇਤਿਹਾਸ ਤੇ ਪਰਿਸਥਿਤੀਆਂ ਨੂੰ ਚਿਤਰਦੀ ਹੈ ਅਤੇ ਸਾਹਿਤਿਕ ਸ਼ੈਲੀ ਜੀਵਨੀ-ਕਲਾ ਨੂੰ ਇਤਿਹਾਸ ਦੇ ਨਿਰਜਿੰਦ ਪਿੰਜਰ ਤੋਂ ਵੱਖਰਾ ਕਰਕੇ ਉਸ ਵਿੱਚ ਰਸਿਕਤਾ ਤੇ ਭਾਵੁਕਤਾ ਦਾ ਸੰਚਾਰ ਕਰਦੀ ਹੈ। ਇਹ ਜੀਵਨੀ ਕਲਾ ਹੀ ਹੈ ਜਿੱਥੇ ਇਤਿਹਾਸ ਤੇ ਸਾਹਿਤ ਦਾ ਉੱਤਮ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਜੀਵਨਕਾਰ ਨੂੰ ਰਸਮੀ ਤੌਰ 'ਤੇ ਨਾਇਕ ਦੀ ਰੂਹ ਨਾਲ਼ ਜੁੜਿਆ ਹੋਣਾ ਚਾਹੀਦਾ ਹੈ। ਉਸ ਨੂੰ ਨਾਇਕ-ਇਕਸੁਰ ਤੇ ਬੇਤਕੱਲੁਫ਼ ਹੋਣਾ ਚਾਹੀਦਾ ਹੈ। ਉਸ ਦੀ ਇਹ ਬੇਤਕੱਲੁਫ਼ੀ ਰਚਨਾ ਵਿੱਚੋਂ ਉਘੜਨੀ ਚਾਹੀਦੀ ਹੈ ਤਾਂ ਹੀ ਜਾ ਕੇ ਉਹ ਜੀਵਨੀ ਦੀ ਸੁਭਾਵਿਕ ਤੇ ਸਹਿਜ ਸਿਰਜਨਾ ਕਰ ਸਕਦਾ ਹੈ।

ਜੀਵਨੀਕਾਰ ਦਾ ਦੂਸਰਾ ਕਰਤੱਵ ਇਹ ਹੈ ਕਿ ਉਹ ਸੁਹਿਰਦ, ਸੁਤੰਤਰ ਤੇ ਨਿਰਪੱਖ ਰਹਿੰਦਿਆਂ ਹੋਇਆਂ ਆਪਣੇ ਨਾਇਕ ਜੀਵਨੀ ਦੇ ਮੁੱਖ ਪਾਤਰ ਦੀ ਸ਼ਖ਼ਸੀਅਤ ਨੂੰ ਅਨੇਕ ਪਸਾਰਾਂ ਵਿੱਚ ਚਿਤਰਿਤ ਕਰਦਾ ਹੈ। ਇਸ ਮਨੋਰਥ ਲਈ ਜੀਵਨੀਕਾਰ ਉਸਾਰੂ ਕਲਪਨਾ-ਸ਼ਕਤੀ ਨੂੰ ਪ੍ਰਬੰਧ ਕਰਦਾ ਹੈ। ਉਹ ਉਸਾਰੂ ਕਲਪਨਾ ਦੀ ਸੁਵਰਤੋਂ ਕਰਕੇ ਵਸਤੂ-ਸਮਗਰੀ ਨੂੰ ਵਿਓਂਤਬੱਧ ਕਰਦਾ ਹੈ ਅਤੇ ਆਪਣੀ ਰਚਨਾ ਨੂੰ ਮਨਭਾਉਂਦਾ ਸਰੂਪ ਬਖ਼ਸ਼ਦਾ ਹੈ ਪਰ ਸ਼ਰਤ ਇਹ ਹੈ ਕਿ ਉਸ ਦੀ ਉਹ ਕਲਪਨਾ ਯਥਾਰਥ ਤੋਂ ਦੂਰ ਨਹੀਂ ਜਾਂਦੀ। ਕਲਪਨਾ-ਸ਼ਕਤੀ ਦਾ ਸਹਾਰਾ ਲੈ ਕੇ ਆਪਣੇ ਨਾਇਕ ਦੀ ਸ਼ਖ਼ਸੀਅਤ ਨੂੰ ਸਿਰਫ ਏਨਾ ਹੀ ਸਜਾਉਂਦਾ ਤੇ ਚਮਕਾਉਂਦਾ ਹੈ ਕਿ ਉਸ ਦੀ ਅਸਲੀ ਤਸਵੀਰ ਧੁੰਦਲੀ ਨਾ ਹੋ ਜਾਵੇ ਅਤੇ ਨਾਇਕ ਦਾ ਮੂਰਤੀ ਬਿੰਬ ਵੀ ਧੁੰਦਲਾ ਨਾ ਜਾਵੇ। ਜੀਵਨੀਕਾਰ ਤਾਂ ਉਸ ਪਿਆਰੀ ਮਾਂ ਦੀ ਤਰ੍ਹਾਂ ਹੈ ਜੋ ਆਪਣੇ ਬਾਲ ਭਗਵਾਨ ਬੱਚੇ ਨੂੰ ਨੁਹਾ-ਧੁਆ ਕੇ ਤੇ ਸੋਹਣੇ ਕੱਪੜਿਆਂ ਨਾਲ ਸਜਾ ਕੇ ਸਮਾਜ ਵਿੱਚ ਭੇਜਦੀ ਹੈ। ਪਰ ਮਾਂ ਦੀ ਕਲਪਨਾ ਸਜਾਵਟ ਤੱਕ ਹੀ ਰਹਿੰਦੀ ਹੈ, ਬੱਚੇ ਦੇ ਅਸਲੀ ਸਰੂਪ ਨੂੰ ਨਹੀਂ ਬਦਲ ਸਕਦੀ। ਇਸੇ ਤਰ੍ਹਾਂ ਲੇਖਕ ਵੀ ਕਲਪਨਾ ਨਾਲ ਆਪਣੇ ਚਰਿੱਤਰ-ਨਾਇਕ ਦੇ ਵਿਅਕਤਿਤਵ ਦੁਆਲੇ ਏਨੀ ਹੀ ਸਿਫ਼ਤ-ਪੂਰਵਕ ਖਿਲਾਰਦਾ ਹੈ ਕਿ ਉਸ ਦੀ ਅਸਲੀਅਤ ਓਹਲੇ ਨਾ ਹੋ ਜਾਵੇ।

**ਸ਼ੈਲੀ ਤੇ ਸ਼ੈਲੀ :-**

ਜੀਵਨੀ-ਕਲਾ ਦੇ ਬਾਕੀ ਹੋਰ ਗੁਣਾਂ ਦੇ ਨਾਲ-ਨਾਲ ਜੀਵਨੀ-ਲੇਖਕ ਵੱਲੋਂ ਅਪਣਾਈ ਗਈ ਸ਼ੈਲੀ ਤੇ ਸ਼ੈਲੀ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ। ਪਰਿਪੱਕ ਸ਼ੈਲੀ ਆਮ ਸਧਾਰਨ ਚਰਿੱਤਰ -ਨਾਇਕ ਦੀ ਜੀਵਨੀ ਨੂੰ ਵੀ ਰੋਚਕ ਤੇ ਰਸਦਾਇਕ ਬਣਾ ਦੇਂਦੀ ਹੈ। ਸਫਲ ਜੀਵਨੀ-ਕਲਾ ਲਈ ਦੋ ਹੀ ਸ਼ਰਤਾਂ ਹਨ- ਜਾਂ ਤਾਂ ਨਾਇਕ ਏਨਾ ਮਹਾਨ ਹੋਵੇ ਜਿਵੇਂ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਭਗਵਾਨ ਰਾਮਚੰਦਰ ਤੇ ਭਗਵਾਨ ਕ੍ਰਿਸ਼ਨ ਜੀ ਜਿਸ ਦਾ ਆਪਣਾ ਜੀਵਨ-ਚਰਿੱਤਰ ਹੀ ਇੱਕ ਤਰ੍ਹਾਂ ਨਾਲ ਮਹਾਨ ਉੱਤਮ ਸਾਹਿਤ ਦਾ ਸੋਮਾ ਹੋ ਨਿਬੜੇ ਜਾਂ ਫਿਰ ਲੇਖਕ ਹੀ ਏਨਾ ਮਹਾਨ ਹੋਵੇ ਜਿਵੇਂ ਰਾਬਿੰਦਰ ਨਾਥ ਟੈਗੋਰ ਤੇ ਭਾਈ ਵੀਰ ਸਿੰਘ। ਇਸ ਲਈ ਜੀਵਨੀ ਦੀ ਸਫਲਤਾ ਸ਼ੈਲੀ ਦੀ ਸਫਲਤਾ 'ਤੇ ਨਿਰਭਰ ਕਰਦੀ ਹੈ।

ਜੀਵਨੀ-ਲੇਖਕ ਵਿਸ਼ੇ ਅਨੁਸਾਰ ਕਈ ਤਰ੍ਹਾਂ ਦੀਆਂ ਸ਼ੈਲੀਆਂ ਦੀ ਵਰਤੋਂ ਕਰਦਾ ਹੈ। ਕਿਤੇ ਉਹ ਵਰਨਨਾਤਮਿਕ ਸ਼ੈਲੀ ਵਰਤਦਾ ਹੈ ਜਿੱਥੇ ਉਸ ਨੇ ਨਿਆਂਇਸ਼ੀਲ ਬਣ ਕੇ ਨਾਇਕ ਦੇ ਜੀਵਨ ਦੀਆਂ ਕਈ ਘਟਨਾਵਾਂ ਬਿਆਨ ਕਰਨੀਆਂ ਹੁੰਦੀਆਂ ਹਨ ਅਤੇ ਸਮੇਂ ਤੇ ਸਥਾਨ ਦੇ ਨਾਲ-ਨਾਲ ਸਮਾਜਿਕ ਤੇ ਇਤਿਹਾਸਿਕ ਵਾਤਾਵਰਨ ਦਾ ਵੀ ਵਰਨਣ ਕਰਨਾ ਹੁੰਦਾ ਹੈ। ਕਈ ਉਹ ਵਿਆਖਿਆਤਮਿਕ ਸ਼ੈਲੀ ਨੂੰ ਵੀ

ਅਧਾਰ ਤੇ ਪੇਸ਼ ਕਰਦਾ ਹੈ। ਉਸ ਨੂੰ ਨਾਇਕ ਦੇ ਜੀਵਨ ਸਿਧਾਂਤਾਂ, ਵਿਚਾਰਾਂ, ਪ੍ਰਾਪਤੀਆਂ ਆਦਿ ਨੂੰ ਨਵੀਂ ਰੋਸ਼ਨੀ ਵਿਚ ਰੱਖ ਕੇ ਉਘਾੜਨਾ ਹੁੰਦਾ ਹੈ। ਇਸ ਕੰਮ ਲਈ ਉਹ ਵਿਸ਼ਲੇਸ਼ਣਾਤਮਕ ਵਿਧੀ ਦਾ ਸਹਾਰਾ ਲੈਂਦਾ ਹੈ। ਕਈ ਵਾਰ ਲੇਖਕ ਜ਼ਿੰਦਗੀ ਦੀਆਂ ਘਟਨਾਵਾਂ ਵਰਤਾਰਿਆਂ ਨੂੰ ਬਾਹਰ ਮੁਹਾਰ ਦੇ ਨਾਲ ਸੋਧਾਂ ਦੀ ਪੁਣ-ਛਾਣ ਕਰਕੇ ਅਜੋਕੇ ਤੇ ਅਨੁਚਿਤ ਵਰਤਾਰਿਆਂ ਦੀ ਆਲੋਚਨਾ ਵੀ ਕਰਦਾ ਹੈ ਜੋ ਜੀਵਨੀ ਚਰਿੱਤਰ ਦੀ ਕਮਜ਼ੋਰੀ ਵਜੋਂ ਪ੍ਰਵੇਸ਼ ਕਰਦੀਆਂ ਹਨ। ਲੇਖਕ ਦੀ ਇਹ ਆਲੋਚਨਾਤਮਕ ਸ਼ੈਲੀ ਬੜੀ ਸੁਲਝਵੀਂ ਤੇ ਕਾਟਵੀਂ ਹੁੰਦੀ ਹੈ।

ਸ਼ੈਲੀ ਤੋਂ ਇਲਾਵਾ ਬੋਲੀ ਬਿਨਾਂ ਜੀਵਨੀ ਗੂੰਗੀ ਹੈ। ਬੋਲੀ ਤੋਂ ਪੂਰੀ ਤਰ੍ਹਾਂ ਚੇਤੰਨ ਹੋਣਾ ਜੀਵਨੀ ਦੇ ਲੇਖਕ ਲਈ ਬਹੁਤ ਹੀ ਜ਼ਰੂਰੀ ਹੈ। ਬੋਲੀ ਦੇ ਸਹਾਰੇ ਹੀ ਲੇਖਕ ਨੇ ਆਪਣੇ ਨਾਇਕ ਦੀ ਪਾਤਰ-ਉਸਾਰੀ ਕਰਨੀ ਹੁੰਦੀ ਹੈ ਅਤੇ ਬੋਲੀ ਨਾਲ ਹੀ ਸਾਰਾ ਵਾਤਾਵਰਨ ਸਿਰਜਨਾ ਹੁੰਦਾ ਹੈ। ਇਸ ਲਈ ਬੋਲੀ ਨਾਇਕ ਦੀ ਸ਼ਖ਼ਸੀਅਤ ਦੇ ਸਮਤੋਲ ਹੋਵੇ ਅਤੇ ਸ਼ਬਦਾਵਲੀ ਯੁੱਗ-ਖੰਡ ਤੇ ਭੂ-ਖੰਡ ਦੇ ਵਾਤਾਵਰਨ ਦੀ ਅਨੁਸਾਰੀ ਹੋਵੇ।

## ਜੀਵਨੀ ਰਚਨਾ ਦੀ ਬਣਤਰ :-

ਜੀਵਨੀਕਾਰ ਇਹਨਾਂ ਸਾਰੇ ਤੱਤਾਂ ਦੇ ਆਧਾਰ 'ਤੇ ਇੱਕ ਰਚਨਾਤਮਿਕ ਪਾਸਾਰ ਸਿਰਜਦਾ ਹੈ। ਇਸ ਤਰ੍ਹਾਂ ਜੀਵਨੀ ਦੀ ਰਚਨਾ ਕੁਝ ਖ਼ਾਸ ਨੇਮਾਂ ਵਿੱਚ ਬੱਝੀ ਰਹਿੰਦੀ ਹੈ। ਇਸ ਦੀ ਬਣਤਰ ਤੇ ਬੁਣਤਰ ਲਈ ਇਹ ਜ਼ਰੂਰੀ ਹੈ ਕਿ ਜੀਵਨੀ ਵਿੱਚ ਕੋਈ ਬੇਲੋੜਾ ਵਿਸਥਾਰ ਨਾ ਆਉਣ ਦਿੱਤਾ ਜਾਵੇ ਅਤੇ ਨਾ ਹੀ ਕੋਈ ਲੁੜੀਂਦੀ ਗੱਲ ਹੱਥੋਂ ਨਿਕਲ਼ਨ ਦਿੱਤੀ ਜਾਵੇ।

ਜੀਵਨੀਕਾਰ ਆਪਣੀ ਰਚਨਾ ਨੂੰ ਚਮਤਕਾਰੀ ਨਹੀਂ ਬਣਾਉਂਦਾ ਸਗੋਂ ਸੱਚ ਦੇ ਆਵੇਸ਼ ਵਿੱਚ ਵਿਚਰਦਿਆਂ ਉਹ ਯਥਾਰਥ ਦੇ ਨੇੜੇ ਰਹਿਣ ਲਈ ਯਤਨਸ਼ੀਲ ਹੁੰਦਾ ਹੈ। ਜੀਵਨੀਕਾਰ ਆਪਣੇ ਨਾਇਕ ਦੇ ਜੀਵਨ ਵਿੱਚ ਆਏ ਉਤਰਾਵਾਂ/ਚੜ੍ਹਾਵਾਂ ਦੀ ਵੰਨ-ਸੁਵੰਨਤਾ ਨੂੰ ਗਵਾਏ ਬਿਨਾਂ ਜੀਵਨੀ ਨੂੰ ਸੰਪੂਰਨਤਾ ਦੀ ਪੱਧਰ ਤੱਕ ਲਿਜਾਣ ਦਾ ਯਤਨ ਕਰਦਾ ਹੈ।

## ਪੰਜਾਬੀ ਵਿੱਚ ਜੀਵਨੀ-ਸਾਹਿਤ

ਪੰਜਾਬੀ ਦੇ ਲੇਖਕਾਂ ਨੇ ਉੱਘੇ ਨੇਤਾਵਾਂ ਤੇ ਇਤਿਹਾਸਿਕ ਵਿਅਕਤੀਆਂ ਦੀਆਂ ਜੀਵਨੀਆਂ ਲਿਖੀਆਂ ਜਿਨ੍ਹਾਂ ਵਿੱਚੋਂ ਦੁਰਲੱਭ ਸਿੰਘ ਲਿਖਿਤ ਮਾਸਟਰ ਤਾਰਾ ਸਿੰਘ, ਸੁਭਾਸ਼ ਚੰਦਰ ਬੋਸ (ਨਿਰਭੈ ਯੋਧਾ), ਮੌਲਾਨਾ ਆਜ਼ਾਦ (ਅਬੁਲ ਕਲਾਮ ਆਜ਼ਾਦ) ਨਾਵਾਂ ਹੇਠ ਛਾਪੀਆਂ। ਸੇਠੀ ਨੇ 'ਇਤਿਹਾਸ ਨੇਤਾ ਜੀ' 'ਜੀਵਨ ਜਰਨੈਲ

ਮੋਹਨ ਸਿੰਘ', ਜੀਵਨੀਆਂ ਲਿਖੀਆਂ। ਇਹਨਾਂ ਜੀਵਨੀਆਂ ਵਿੱਚ ਸਾਹਿਤਿਕ ਸ਼ੈਲੀ ਦੀ ਘਾਟ ਸੀ। ਕੁਝ ਕੁ ਇਤਿਹਾਸਿਕ ਜੀਵਨੀਆਂ ਵੀ ਲਿਖੀਆਂ ਗਈਆਂ ਜਿਨ੍ਹਾਂ ਵਿੱਚੋਂ ਡਾ. ਗੰਡਾ ਸਿੰਘ ਰਚਿਤ 'ਬੰਦਾ ਬਹਾਦਰ' 'ਸ਼ਾਮ ਸਿੰਘ ਅਟਾਰੀ ਵਾਲ਼ਾ', ਪ੍ਰੇਮ ਸਿੰਘ ਹੋਤੀ ਰਚਿਤ 'ਜੀਵਨ ਮਹਾਰਾਜਾ ਰਣਜੀਤ ਸਿੰਘ', 'ਜੀਵਨ ਸ੍. ਹਰੀ ਸਿੰਘ ਨਲੂਆ' 'ਜੀਵਨ ਕੰਵਰ-ਨੌਨਿਹਾਲ ਸਿੰਘ', 'ਖਾਲਸਾ ਰਾਜ ਦੇ ਉਸਰਈਏ', 'ਖਾਲਸਾ ਰਾਜ ਦੇ ਬਿਦੇਸ਼ੀ ਕਰਿੰਦੇ' ਆਦਿ ਉਲੇਖ ਯੋਗ ਹਨ। ਇਹਨਾਂ ਜੀਵਨੀਆਂ ਵਿੱਚ ਇਤਿਹਾਸਿਕ ਮਾਮਲੇ ਨੂੰ ਵਿਗਿਆਨਿਕ ਦ੍ਰਿਸ਼ਟੀ ਤੋਂ ਪੁਣ-ਛਾਣ ਕੇ ਪੂਰਨ ਖੋਜ ਦੇ ਆਧਾਰ 'ਤੇ ਪੇਸ਼ ਕੀਤਾ ਗਿਆ ਹੈ। ਪ੍ਰੋ. ਕਰਤਾਰ ਸਿੰਘ ਰਚਿਤ 'ਜੀਵਨੀ ਗੁਰੂ ਗੋਬਿੰਦ ਸਿੰਘ' ਲਿਖੀ ਹੈ ਜਿਹੜੀ ਸੁਲ਼ਝੀ, ਸਰਲ ਤੇ ਸਪਸ਼ਟ ਸ਼ੈਲੀ ਕਰਕੇ ਖ਼ਾਸ ਮਹੱਤਤਾ ਰੱਖਦੀ ਹੈ।

ਰਾਜਸੀ ਖੇਤਰ ਵਿੱਚ ਜੀਵਨੀਆਂ ਜਸਵੰਤ ਸਿੰਘ ਜ਼ਸ ਨੇ 'ਬਾਬਾ ਰਾਮ ਸਿੰਘ' 'ਬਾਬਾ ਸੋਹਨ ਸਿੰਘ ਭਕਨਾ', 'ਦੇਸ਼ ਭਗਤ ਬਾਬੇ', 'ਬਾਬਾ ਵਸਾਖਾ ਸਿੰਘ' ਆਦਿ ਜੀਵਨੀਆਂ ਲਿਖੀਆਂ। ਸਾਧੂ ਸਿੰਘ ਨੇ 'ਇਨਕਲਾਬੀ ਯੋਧਾ ਮਾਸਟਰ ਮੋਤਾ ਸਿੰਘ' ਮਾਨ ਸਿੰਘ ਨੇ 'ਅਜ਼ਾਦੀ ਦੀ ਸ਼ਮ੍ਹਾਂ ਦੇ ਸਿੱਖ ਪ੍ਰਵਾਨੇ', ਕੁਲਦੀਪ ਸਿੰਘ ਹਉਰਾ ਨੇ 'ਜੁਝਾਰੂ ਸੂਰਮੇ', ਬਚਿੰਤ ਸਿੰਘ ਢਿੱਲੋਂ ਨੇ 'ਪੰਜਾਬ ਦੇ ਕੌਮੀ ਸੂਰਬੀਰ' ਸੁਰਿੰਦਰ ਸਿੰਘ ਜੌਹਰ ਨੇ 'ਲਾਲਾ ਲਾਜਪਤ ਰਾਏ', 'ਰਾਬਿੰਦਰ ਨਾਥ ਟੈਗੋਰ', ਪ੍ਰਿੰ: ਨਿਰੰਜਨ ਸਿੰਘ ਨੇ 'ਜੀਵਨ ਯਾਤਰਾ ਮਾਸਟਰ ਤਾਰਾ ਸਿੰਘ', ਡਾ. ਪਿਆਰ ਸਿੰਘ ਨੇ 'ਤੇਜਾ ਸਿੰਘ ਸਮੁੰਦਰੀ', ਪ੍ਰਿੰ : ਤਖਤ ਸਿੰਘ ਨੇ 'ਸ਼ਹੀਦ ਕਰਨੈਲ ਸਿੰਘ', ਡਾ. ਤ੍ਰਿਲੋਚਨ ਸਿੰਘ ਨੇ 'ਭਾਈ ਸਾਹਿਬ ਭਾਈ ਰਣਧੀਰ ਸਿੰਘ' ਜੀਵਨੀਆਂ ਅੰਕਿਤ ਕੀਤੀਆਂ।

ਧਰਮਪਾਲ ਸਿੰਗਲ ਨੇ 'ਜੀਵਨੀ ਗੁਰੂ ਰਵਿਦਾਸ ਜੀ', ਸੰਤ ਇੰਦਰ ਸਿੰਘ ਚਕਰਵਰਤੀ ਨੇ 'ਅੱਟਲ ਪ੍ਰਾਪਤੀ ਸਤਿਗੁਰੂ', ਡਾ. ਕਰਮ ਸਿੰਘ ਕਪੂਰ ਨੇ 'ਸਤਿਗੁਰੂ ਪ੍ਰਤਾਪ ਸਿੰਘ-ਇੱਕ ਮਹਾਨ ਸਤਿਗੁਰੂ' ਆਦਿ ਜੀਵਨੀਆਂ ਲਿਖ ਕੇ ਪੰਜਾਬੀ ਜੀਵਨੀ ਸਾਹਿਤ ਨੂੰ ਭਰਪੂਰ ਕੀਤਾ।

ਕੁਝ ਕੁ ਲੇਖਕਾਂ ਨੇ ਸਾਹਿਤਕਾਰਾਂ ਦੇ ਜੀਵਨ-ਆਦਰਸ਼ਾਂ ਨੂੰ ਵੀ ਪੇਸ਼ ਕਰਨ ਦੀ ਕੋਸ਼ਸ਼ ਕੀਤੀ ਹੈ। ਪ੍ਰੋ. ਹਰਦਿਆਲ ਸਿੰਘ ਨੇ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਜੀਵਨੀ 'ਸੁਨਹਿਰੀ ਦਿਲ' ਨਾਂ ਹੇਠ ਛਾਪੀ। ਸੂਬਾ ਸਿੰਘ ਨੇ 'ਡਾ.ਕਾਲੇਪਾਣੀ', ਡਾ. ਗੁਰਦਿਆਲ ਸਿੰਘ ਫੁੱਲ ਨੇ 'ਭਾਈ ਜੋਧ ਸਿੰਘ', ਸ.ਸ. ਅਮੋਲ ਨੇ 'ਜੀਵਨੀ ਭਾਈ ਮੋਹਨ ਸਿੰਘ ਵੈਦ', ਕਿਰਪਾਲ ਸਿੰਘ ਕਸੇਲ ਨੇ ਪ੍ਰੋ. ਪੂਰਨ ਸਿੰਘ ਦੀ ਜੀਵਨੀ 'ਰਾਜ ਹੰਸ' ਆਦਿ ਜੀਵਨੀਆਂ ਲਿਖੀਆਂ ਹਨ।

ਪੰਜਾਬੀ ਸਾਹਿਤ ਦੇ ਖੋਜਾਰਥੀਆਂ ਵਿੱਚ ਪ੍ਰਸਿੱਧ ਸਾਹਿਤਕਾਰਾਂ ਦੇ ਜੀਵਨ

ਤੇ ਰਚਨਾ' ਵਿਸ਼ੇ ਨਾਲ ਸੰਬੰਧਿਤ ਕਾਰਜ ਪ੍ਰਤਿ ਵਿਸ਼ੇਸ਼ ਰੁਝਾਨ ਹੈ। ਇਸ ਤੋਂ ਇਲਾਵਾ ਵਿਗਿਆਨ, ਧਰਮ, ਸਮਾਜ-ਸੇਵਾ, ਰਾਜਨੀਤੀ ਦੇ ਖੇਤਰ ਨਾਲ ਸੰਬੰਧਿਤ ਵਿਅਕਤੀਆਂ ਦੀਆਂ ਜੀਵਨੀਆਂ ਵੀ ਲਿਖੀਆਂ ਗਈਆਂ ਹਨ।

ਔਖੇ ਸ਼ਬਦਾਂ ਦੇ ਅਰਥ :